FOR IMMEDIATE RELEASE CITY OF SURREY

MEDIA RELEASE

# ਸਰੀ ਨੇ DCC ਘਟਾਉਂਦੇ ਹੋਏ ਅੱਗ ਸੇਵਾਵਾਂ ਲਈ ਚਾਰਜ (Fire Protection Charges) ਲਾਗੂ ਕੀਤੇ

## ਕੌਂਸਲ ਨੇ DCC ਕਿਸ਼ਤਾਂ ਦੀ ਸੁਰੱਖਿਆ ਲਈ ਜ਼ਮਾਨਤੀ ਬਾਂਡ ਤਹਿਤ ਪਾਇਲਟ ਪ੍ਰੋਗਰਾਮ ਨੂੰ ਵੀ ਮਨਜ਼ੂਰੀ ਦਿੱਤੀ

*ਤੁਰੰਤ ਰਿਲੀਜ਼ : 12 ਮਾਰਚ, 2025*

**ਸਰੀ, ਬੀ.ਸੀ.** – ਸੋਮਵਾਰ ਨੂੰ ਹੋਈ ਕੌਂਸਲ ਮੀਟਿੰਗ ਦੌਰਾਨ, ਸਰੀ ਸਿਟੀ ਕੌਂਸਲ ਨੇ ਵਿਕਾਸ ਲਾਗਤ ਚਾਰਜ (Development Cost Charges) ਬਾਇਲਾਅ ਵਿੱਚ ਮਹੱਤਵਪੂਰਨ ਅਪਡੇਟਾਂ ਨੂੰ ਮਨਜ਼ੂਰੀ ਦਿੱਤੀ, ਜਿਸ ਵਿੱਚ ਅੱਗ ਸੇਵਾਵਾਂ ਲਈ DCC ਲਾਗੂ ਕਰਨ ਸਮੇਤ ਰਿਹਾਇਸ਼ੀ ਯੂਨਿਟਾਂ ਲਈ 2023 ਦੇ ਰੇਟ ਵਾਪਸ ਲਿਆਉਣਾ ਸ਼ਾਮਲ ਹੈ। ਜਿਸਦੇ ਨਤੀਜੇ ਵਜੋਂ ਰਿਹਾਇਸ਼ੀ DCC ਵਿੱਚ ਜ਼ੀਰੋ ਵਾਧਾ ਹੋਵੇਗਾ। ਇਸ ਨਾਲ ਹਾਊਸਿੰਗ ਸੰਕਟ ਅਤੇ ਕਿਫ਼ਾਇਤੀ ਰਿਹਾਇਸ਼ ਨੂੰ ਸਹਾਇਤਾ ਮਿਲੇਗੀ। ਸੋਮਵਾਰ ਨੂੰ, ਕੌਂਸਲ ਨੇ DCC ਲਈ ਲੈਟਰ ਆਫ਼ ਕਰੈਡਿਟ ਦੇ ਬਦਲ ਵਜੋਂ ਸੁਰੱਖਿਆ ਦੇ ਤੌਰ ਤੇ ਸਵੀਕਾਰ ਕੀਤੀਆਂ ਸੁਰੱਖਿਆ ਕੰਪਨੀਆਂ ਤੋਂ ਜ਼ਮਾਨਤੀ ਬਾਂਡ (Surety Bonds) ਦੀ ਵਰਤੋਂ ਸ਼ੁਰੂ ਕਰਨ ਲਈ ਪਾਇਲਟ ਪ੍ਰੋਗਰਾਮ ਨੂੰ ਵੀ ਮਨਜ਼ੂਰੀ ਦਿੱਤੀ। ਇਸ ਪ੍ਰੋਗਰਾਮ ਦਾ ਉਦੇਸ਼ ਡਿਵੈਲਪਰਾਂ ਨੂੰ ਦਰਪੇਸ਼ ਵਿੱਤੀ ਚੁਣੌਤੀਆਂ ਦੇ ਵਿਚਕਾਰ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ।

ਸਰੀ ਦੀ ਮੇਅਰ ਬਰੈਂਡਾ ਲੌਕ ਨੇ ਕਿਹਾ, "ਸਾਡਾ ਡੀਸੀਸੀ ਪ੍ਰੋਗਰਾਮ ਸਰੀ ਦੇ ਬਿਹਤਰੀਨ ਵਿਕਾਸ ਲਈ ਲੋੜੀਂਦੀਆਂ ਸੇਵਾਵਾਂ ਅਤੇ ਬੁਨਿਆਦੀ ਢਾਂਚੇ ਨੂੰ ਮੁਹੱਈਆ ਕਰਵਾਉਣ ਲਈ ਜ਼ਰੂਰੀ ਹੈ। ਇਹ ਪਾਣੀ, ਸੀਵਰੇਜ, ਡਰੇਨੇਜ, ਆਵਾਜਾਈ ਅਤੇ ਪਾਰਕਾਂ ਲਈ ਫ਼ੰਡ ਦਿੰਦਾ ਹੈ, ਹੁਣ ਅਸੀਂ ਆਪਣੇ ਵਸਨੀਕਾਂ ਨੂੰ ਉੱਚ- ਗੁਣਵੱਤਾ ਵਾਲੀਆਂ ਫਾਇਰ ਸੇਵਾਵਾਂ ਦੇਣ ਲਈ ਅੱਗ ਦੀ ਸੁਰੱਖਿਆ ਵੀ ਸ਼ਾਮਲ ਕਰ ਰਹੇ ਹਾਂ"। "ਮੈਨੂੰ ਮਾਣ ਹੈ ਕਿ ਅਸੀਂ ਇਨ੍ਹਾਂ ਮੁਸ਼ਕਲ ਆਰਥਿਕ ਸਮਿਆਂ ਦੌਰਾਨ ਅਤੇ ਰਿਹਾਇਸ਼ੀ ਸਮਰੱਥਾ ਦੇ ਸੰਕਟ ਦੇ ਵਿਚਕਾਰ ਆਪਣੇ ਡਿਵੈਲਪਰ ਭਾਈਚਾਰੇ 'ਤੇ ਪ੍ਰਭਾਵ ਨੂੰ ਘੱਟ ਕਰਦੇ ਹੋਏ ਇਹ ਤਬਦੀਲੀਆਂ ਕਰ ਸਕਦੇ ਹਾਂ। ਬਿਲਡਰਾਂ ਨੂੰ ਦਰਪੇਸ਼ ਵਿੱਤੀ ਚੁਣੌਤੀਆਂ ਦੀ ਮੱਦਦ ਨੇ ਸਾਨੂੰ ਜ਼ਮਾਨਤੀ ਬਾਂਡਾਂ ਲਈ ਪਾਇਲਟ ਪ੍ਰੋਗਰਾਮ ਸ਼ੁਰੂ ਕਰਨ ਲਈ ਪ੍ਰੇਰਿਤ ਕੀਤਾ ਹੈ। ਇਹ ਸਾਰੇ ਕਦਮ ਸਰੀ ਵਿੱਚ ਵਿਕਾਸ ਨੂੰ ਸਮਰਥਨ ਦੇਣ ਅਤੇ ਉਤਸ਼ਾਹਿਤ ਕਰਨ ਦੀ ਸਾਡੀ ਵਚਨਬੱਧਤਾ ਨੂੰ ਦਰਸਾਉਂਦੇ ਹਨ।"

**2025 ਡੀਸੀਸੀ ਬਾਈਲਾਅ ਵਿੱਚ ਸ਼ਾਮਲ ਹਨ:**

- ਫਾਇਰ ਪ੍ਰੋਟੈਕਸ਼ਨ ਡੀਸੀਸੀ ਦੀ ਸ਼ੁਰੂਆਤ ਨਾਲ ਪ੍ਰਤੀ ਸਾਲ 5 ਤੋਂ 6 ਮਿਲੀਅਨ ਡਾਲਰ ਪ੍ਰਾਪਤ ਹੋਣ ਦਾ ਅਨੁਮਾਨ ਹੈ, ਜਿਸ ਕਰਕੇ ਹੋਰ ਜਾਇਦਾਦਾਂ ਵਿੱਚ ਡੀਸੀਸੀ ਕਲੈਕਸ਼ਨ ਵਿੱਚ ਕਟੌਤੀ ਕਰ “ਵਾਧਾ ਫ੍ਰੀਜ਼" ਕੀਤਾ ਗਿਆ ਹੈ;

- ਫੈਡਰਲ ਸਰਕਾਰ ਦੇ CHIF ਫੰਡਿੰਗ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ, ਰਿਹਾਇਸ਼ੀ ਇਕਾਈਆਂ ਲਈ 2023 ਡੀਸੀਸੀ ਦਰਾਂ ਤੇ ਵਾਪਸ ਲਿਆਉਣਾ;
- ਮਾਰਕਿਟ ਦੀਆਂ ਮੌਜੂਦਾ ਸਥਿਤੀਆਂ ਦੇ ਮੱਦੇਨਜ਼ਰ ਵਪਾਰਕ, ਉਦਯੋਗਿਕ ਅਤੇ ਸੰਸਥਾਗਤ ਵਰਤੋਂ ਲਈ ਡੀਸੀਸੀ ਦਰਾਂ ਨੂੰ 2024 ਦੇ ਪੱਧਰ 'ਤੇ ਸੀਮਤ ਕਰਨਾ; ਅਤੇ
- ਛੋਟੇ ਪੱਧਰ ਦੇ ਮਲਟੀ ਯੂਨਿਟ ਹਾਊਸਿੰਗ ਤੋਂ ਵਾਧੂ ਰਿਹਾਇਸ਼ੀ ਯੂਨਿਟਾਂ ਲਈ ਚਾਰਜ ਦੀ ਸ਼ੁਰੂਆਤ, ਤਾਂ ਜੋ ਸ਼ਹਿਰ ਦੇ ਪ੍ਰੋਗਰਾਮਾਂ ਨੂੰ ਬਰਾਬਰ ਤਰੀਕੇ ਨਾਲ ਸਹਾਇਤਾ ਕੀਤੀ ਜਾ ਸਕੇ।

ਸਿਟੀ ਮੈਨੇਜਰ ਰੌਬ ਕੋਸਟੈਨਜ਼ੋ ਨੇ ਕਿਹਾ, "ਸਾਨੂੰ ਮਾਣ ਹੈ ਕਿ ਅਸੀਂ ਰਿਹਾਇਸ਼ੀ ਡੀਸੀਸੀ ਦਰਾਂ ਨੂੰ 2023 ਦੀਆਂ ਦਰਾਂ 'ਤੇ ਵਾਪਸ ਲਿਆਉਣ ਅਤੇ ਗੈਰ-ਰਿਹਾਇਸ਼ੀ ਡੀਸੀਸੀ ਨੂੰ 2024 ਦੀਆਂ ਦਰਾਂ 'ਤੇ ਫ੍ਰੀਜ਼ ਕਰਨ ਦੇ ਨਾਲ, ਅੱਗ ਸੁਰੱਖਿਆ DCC ਪੇਸ਼ ਕਰ ਸਕਦੇ ਹਾਂ,"।"ਇਹ ਅਗਲੇ ਦਹਾਕੇ ਦੌਰਾਨ ਮਜ਼ਬੂਤ ਵਿਕਾਸ ਅਨੁਮਾਨਾਂ ਅਤੇ 2024 ਵਿੱਚ ਵੱਡੇ DCC ਉਪਜ ਦੇ ਕਾਰਨ ਸੰਭਵ ਹੈ। ਸਾਡੀਆਂ ਸਮੁੱਚੀਆਂ ਡੀਸੀਸੀ ਦਰਾਂ ਬਰਨਬੀ, ਕੋਕਿਟਲਮ ਅਤੇ ਰਿਚਮੰਡ ਵਰਗੇ ਹੋਰ ਵੱਡੇ ਸ਼ਹਿਰਾਂ ਦੇ ਸਮਾਨ ਹਨ।"

2025 ਡੀਸੀਸੀ ਬਾਈਲਾਅ ਦੇ ਵੇਰਵਿਆਂ ਬਾਰੇ ਕਾਰਪੋਰੇਟ ਰਿਪੋਰਟ ਪੜ੍ਹਨ ਲਈ **ਇੱਥੇ** ਕਲਿੱਕ ਕਰੋ।

-30-

**ਮੀਡੀਆ ਇਨਕੁਆਇਰੀ :**

ਪ੍ਰਭਜੋਤ ਕਾਹਲੋਂ

ਮਲਟੀਕਲਚਰਲ ਮੀਡੀਆ ਰੀਲੈਸ਼ਨਜ ਲੀਡ

ਸਿਟੀ ਆਫ਼ ਸਰੀ

prabhjot.kahlon@surrey.ca
C :236-878-6263